ਵੀਰਵਾਰ
7, ਜਨਵਰੀ 2010
25 ਪੋਹ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 268,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

ਸ਼ਹਿਰ ਤੇ ਆਸ-ਪਾਸ
101 ਪਰਿਵਾਰਾਂ ਨੂੰ ਘਰੇਲੂ ਵਰਤੋਂ ਵਾਲਾ ਸਾਮਾਨ 3

ਸੰਪਾਦਕੀ
ਕੇ.ਪੀ.ਐੱਸ.ਗਿੱਲ ਦੇ ਮੈਡਲ ਵਾਪਸ ਹੋਣ 4


ਦੇਸ਼ ਦੁਨੀਆਂ
ਪੈਨਲਟੀ ਕਾਰਨਰ ਦਾ ਬਾਦਸ਼ਾਹ 8

ਤੇਲੰਗਾਨਾ ਮੁੱਦੇ 'ਤੇ ਚਿਦੰਬਰਮ ਨੂੰ ਮਿਲੇ ਚਿਰੰਜੀਵੀ

ਨਵੀਂ ਦਿੱਲੀ, 6 ਜਨਵਰੀ (ਵਿਸ਼ਵ ਵਾਰਤਾ)-ਅਭਿਨੇਤਾ ਅਤੇ ਰਾਜਨੇਤਾ ਚਿਰੰਜੀਵੀ ਨੇ ਅੱਜ ਤੇਲੰਗਾਨਾ ਮੁੱਦੇ 'ਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸੂਬੇ ਵਿਚ ਦਿਨੋਂ ਦਿਨ ਵਿਗੜਦੇ ਜਾ ਰਹੇ ਹਾਲਾਤਾਂ ਬਾਰੇ ਜਾਣਕਾਰੀ ਦਿੱਤੀ। ਚਿਰੰਜੀਵੀ ਦੀ ਪਾਰਟੀ ਪ੍ਰਜਾ ਰਾਜਯਮ ਆਂਧਰਾ ਪ੍ਰਦੇਸ਼ ਦੀ ਵੰਡ ਦਾ ਵਿਰੋਧ ਕਰ ਰਹੀ ਹੈ। ਚਿਦੰਬਰਮ ਨਾਲ ਮੁਲਾਕਾਤ ਤੋਂ ਬਾਅਦ ਚਿਰੰਜੀਵੀ ਨੇ ਕਿਹਾ ਕਿ ਅਸੀਂ ਗ੍ਰਹਿ ਮੰਤਰੀ ਨੂੰ ਆਂਧਰਾ ਪ੍ਰਦੇਸ਼ ਦੀ ਵਿਗੜਦੀ ਕਾਨੂੰਨ ਵਿਵਸਥਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਚਿਦੰਬਰਮ ਨੂੰ ਅਪੀਲ ਕੀਤੀ ਗਈ ਹੈ ਕਿ ਸੂਬੇ ਵਿਚ ਫਿਲਮਾਂ ਦੀ ਸ਼ੂਟਿੰਗ ਹੋ ਰਹੀ ਹੈ, ਜੋ ਖਰਾਬ ਹੋਏ ਹਾਲਾਤਾਂ ਕਾਰਨ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਦੇਸ਼ ਦੀ ਕਾਨੂੰਨ ਵਿਵਸਥਾ ਕਾਰਨ ਵਿਦਿਆਰਥੀ ਪ੍ਰਭਾਵਿਤ ਨਾ ਹੋਣ। ਇਸ ਦੌਰਾਨ ਤੇਲੰਗਾਨਾ ਦਾ ਵਿਰੋਧ ਕਰ ਰਹੇ ਕਾਂਗਰਸ ਦੇ ਸਾਂਸਦਾਂ ਅਤੇ ਵਿਧਾਇਕਾਂ ਦੇ ਇਕ ਸਮੂਹ ਨੇ ਵੀ ਚਿਦੰਬਰਮ ਨਾਲ ਮੁਲਾਕਾਤ ਕੀਤੀ। ਇਸ ਸਮੂਹ ਦੇ ਮੈਂਬਰ ਸਾਂਬਾ ਸ਼ਿਵਾ ਰਾਓ ਨੇ ਦੱਸਿਆ ਕਿ ਅਸੀਂ ਸ੍ਰੀ ਚਿਦੰਬਰਮ ਨੂੰ ਭਰੋਸਾ ਦਿੱਤਾ ਕਿ ਕੰਢੀ ਆਂਧਰਾ ਪ੍ਰਦੇਸ਼ ਅਤੇ ਰਾਇਲ ਸੀਮਾ ਦੀਆਂ 13 ਯੂਨੀਵਰਸਿਟੀਆਂ ਦੀ ਕਮੇਟੀ ਵਿਰੋਧ ਖ਼ਤਮ ਕਰਨ ਲਈ ਤਿਆਰ ਹੋ ਗਈ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਪ੍ਰਦੇਸ਼ ਦੀ ਕਾਨੂੰਨ ਵਿਵਸਥਾ ਬਾਰੇ ਚਿਦੰਬਰਮ ਨਾਲ

ਬਾਦਲ, ਸੁਖਬੀਰ ਬਾਦਲ ਦੀ ਅਗਵਾਈ 'ਚ ਵਫ਼ਦ ਆਸਟ੍ਰੇਲੀਅਨ ਹਾਈ ਕਮਿਸ਼ਨ ਨੂੰ ਮਿਲਿਆ

ਪੰਜਾਬੀਆਂ ਦੀ ਜਾਨ, ਮਾਲ ਦੀ ਰਾਖੀ ਲਈ ਠੋਸ ਕਦਮ ਪੁੱਟੇ ਜਾਣ

ਹਾਈ ਕਮਿਸ਼ਨ ਵਲੋਂ ਪ੍ਰਭਾਵਸ਼ਾਲੀ ਕਾਰਵਾਈ ਦਾ ਭਰੋਸਾ

ਚੰਡੀਗੜ੍ਹ, 6 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)- ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਸੀਨੀਅਰ ਅਕਾਲੀ ਨੇਤਾਵਾਂ ਦਾ ਇੱਕ ਵਫ਼ਦ ਆਸਟ੍ਰੇਲੀਅਨ ਹਾਈ ਕਮਿਸ਼ਨ ਨੂੰ ਮਿਲਿਆ ਅਤੇ ਆਸਟ੍ਰੇਲੀਆ ਵਿੱਚ ਵਧ ਰਹੇ ਨਸਲੀ ਹਮਲਿਆਂ ਵਿਰੁੱਧ ਅਤੇ ਪੰਜਾਬੀਆਂ ਦੀ ਜਾਨ ਅਤੇ ਮਾਲ ਦੀ ਰਾਖੀ ਲਈ ਠੋਸ ਕਦਮ ਚੁੱਕਣ ਲਈ ਕਿਹਾ। ਇਸ ਸਬੰਧੀ ਹੋਰ ਵੇਰਵੇ ਦਿੰਦੇ ਹੋਏ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਸ਼੍ਰੀ ਹਰਚਰਨ ਬੈਂਸ ਨੇ ਦੱਸਿਆ ਕਿ ਇਹ ਵਫ਼ਦ ਨਵੀਂ ਦਿੱਲੀ ਸਥਿੱਤ ਆਸਟ੍ਰੇਲੀਅਨ ਅੰਬੈਸੀ ਵਿਖੇ ਆਸਟ੍ਰੇਲੀਅਨ ਹਾਈ ਕਮਿਸ਼ਨ ਸ਼੍ਰੀ ਪੀਟਰ ਵਰਘਿਸ ਨੂੰ ਮਿਲਿਆ ਅਤੇ ਇਹ ਮਾਮਲਾ ਆਸਟ੍ਰੇਲੀਆ ਸਰਕਾਰ ਕੋਲ ਉਚ ਸਤਰ ਤੇ ਉਠਾਉਣ ਅਤੇ ਸਥਿਤੀ ਤੇ ਤੇਜ਼ੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਾਬੂ ਪਾਉਣ ਲਈ ਠੋਸ ਕਦਮ ਚੁੱਕਣ ਸਬੰਧੀ ਇੱਕ ਮੈਮੋਰੰਡਮ ਦਿੱਤਾ। ਹਾਈ ਕਮਿਸ਼ਨ ਵਲੋਂ ਵਫ਼ਦ ਨੂੰ ਭਰੋਸਾ ਦਿਵਾਇਆ ਗਿਆ (ਬਾਕੀ ਸਫਾ 2 'ਤੇ)

ਸੁਖਬੀਰ ਵੱਲੋਂ ਕੇਂਦਰ ਦੀ ਆਲੋਚਨਾ

-ਪੰਜਾਬ ਦੇ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਆਸਟਰੇਲੀਆ ਵਿੱਚ ਭਾਰਤੀ ਮੂਲ ਦੇ ਵਿਦਿਆਰਥੀਆਂ ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬੀ ਹਨ, 'ਤੇ ਹੋ ਰਹੇ ਨਸਲੀ ਹਮਲਿਆਂ ਦੇ ਨਾਮਕ ਮੁੱਦੇ ਨਾਲ ਨਿਪਟਣ ਵਿੱਚ ਅਸਫਲ ਰਹਿਣ ਲਈ ਕੇਂਦਰ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਹੈ। ਰਾਜ ਵਿੱਚ ਰੇਲਵੇ ਪੁਲਾਂ ਨੂੰ ਮੁਕੰਮਲ ਕਰਨ ਦੇ ਸੰਬੰਧ ਵਿੱਚ ਰੇਲਵੇ ਬੋਰਡ ਦੇ ਚੇਅਰਮੈਨ ਨਾਲ ਮੀਟਿੰਗ ਤੋਂ ਬਾਅਦ ਮੀਡੀਆ ਨਾਲ ਇੱਕ ਗੈਰ-ਰਸਮੀ ਗੱਲਬਾਤ ਦੌਰਾਨ ਸ. ਬਾਦਲ ਨੇ ਇਸ ਗੱਲ ਉੱਤੇ ਦੁੱਖ ਪ੍ਰਗਟ ਕੀਤਾ ਕਿ ਇੱਕ ਸਾਲ ਤੋਂ ਵੱਧ ਸਮੇਂ ਤੋਂ ਭਾਰਤੀ ਵਿਦਿਆਰਥੀਆਂ ਉੱਤੇ ਹੋ ਰਹੇ ਨਸਲੀ ਹਮਲਿਆਂ ਵਿੱਚ ਵਾਧਾ ਹੋਣ ਦੇ (ਬਾਕੀ ਸਫਾ 2 'ਤੇ)

ਰਾਗੀ ਦਰਸ਼ਨ ਸਿੰਘ ਨੂੰ ਅੱਜ ਕੀਤਾ ਜਾ ਸਕਦੈ ਸਿੱਖੀ 'ਚੋਂ ਖਾਰਜ

ਅੰਮ੍ਰਿਤਸਰ, 6 ਜਨਵਰੀ (ਮੋਤਾ ਸਿੰਘ)-ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ 7 ਜਨਵਰੀ ਨੂੰ ਜਥੇਦਾਰ ਅਕਾਲ ਤਖਤ ਗਿਆਨੀ ਗੁਰਬਚਨ ਸਿੰਘ ਵੱਲੋਂ ਸਿੰਘ ਸਾਹਿਬਾਨ ਨਾਲ ਮੀਟਿੰਗ ਕਰਨ ਉਪਰੰਤ ਸਿੱਖੀ ਵਿੱਚੋਂ ਖਾਰਜ ਕਰ ਦਿੱਤੇ ਜਾਣ ਦਾ ਸੰਭਾਵਨਾ ਹੈ। ਪ੍ਰੋ. ਦਰਸ਼ਨ ਸਿੰਘ ਨੂੰ 5 ਦਸੰਬਰ 2009 ਨੂੰ ਗੁਰਮਤਿ ਵਿਰੋਧੀ ਕਾਰਵਾਈਆਂ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਤਨਖਾਹੀਆ ਕਰਾਰ ਦਿੱਤਾ ਜਾ ਚੁੱਕਾ ਹੈ। ਪ੍ਰੋ. ਦਰਸ਼ਨ ਸਿੰਘ ਨੂੰ 7 ਜਨਵਰੀ ਨੂੰ ਅਕਾਲ ਤਖਤ ਸਾਹਿਬ ਵਿਖੇ ਸੱਦਿਆ ਵੀ ਗਿਆ ਹੈ, ਪਰ ਉਨ੍ਹਾਂ ਦੇ ਪੇਸ਼ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਕਿਉਂਕਿ ਉਹ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਉਹ ਸਿੰਘ ਸਾਹਿਬਾਨ ਕੋਲ ਉਨ੍ਹਾਂ ਦੇ ਸਕੱਤਰੇਤ ਵਿੱਚ ਹਾਜ਼ਰ ਨਹੀਂ ਹੋਣਗੇ। ਸਕੱਤਰੇਤ ਵਿਖੇ ਹਾਜ਼ਰ ਨਾ ਹੋਣ ਕਰਕੇ ਹੀ ਉਨ੍ਹਾਂ ਨੂੰ ਤਨਖਾਹੀਆ ਕਰਾਰ ਦਿੱਤਾ ਸੀ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਅਤੇ ਕੁਝ ਹੋਰ ਧਾਰਮਿਕ ਸਿੱਖ ਆਗੂਆਂ ਨੇ ਕੋਈ ਰਸਤਾ ਕੱਢਣ ਦਾ ਯਤਨ ਕੀਤਾ ਸੀ, ਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਦੂਸਰੇ ਸੰਘ ਸਾਹਿਬਾਨ ਧਾਰਮਿਕ ਢੰਗ ਤਰੀਕਿਆਂ ਵਿੱਚ ਕੋਈ ਤਬਦੀਲੀ ਨਹੀਂ ਕਰਨਾ ਚਾਹੁੰਦੇ।

ਰਾਗੀ ਦਰਸ਼ਨ ਸਿੰਘ ਨੂੰ 5 ਦਸੰਬਰ 2009 ਨੂੰ ਗੁਰਮਤਿ ਵਿਰੋਧੀ ਕਾਰਵਾਈਆਂ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਤਨਖਾਹੀਆ ਕਰਾਰ ਦਿੱਤਾ ਜਾ ਚੁੱਕਾ ਹੈ

ਦਮਦਮੀ ਟਕਸਾਲ ਸੌਦਾ ਸਾਧ, ਆਸ਼ੂਤੋਸ਼ ਵਿਰੁੱਧ ਅਤੇ ਹੋਰ ਪੰਥਕ ਵਖਰੇਵੇਂ ਦੂਰ ਕਰਨ ਲਈ ਵੀ ਪ੍ਰਮੁੱਖ ਭੂਮਿਕਾ ਨਿਭਾਵੇ-ਸਿੱਖ ਫੈਡਰੇਸ਼ਨ

✪ ਨਾਨਕਸ਼ਾਹੀ ਕੈਲੰਡਰ ਵਿੱਚ ਸੋਧ ਲਈ ਯੋਗਦਾਨ ਬਦਲੇ ਸਿੱਖ ਫੈਡਰੇਸ਼ਨ ਵੱਲੋਂ ਟਕਸਾਲ ਮੁਖੀ ਸਨਮਾਨਿਤ ✪ ਸਮੁੱਚਾ ਸਿੱਖ ਜਗਤ ਕੈਲੰਡਰ ਵਿੱਚ ਸੋਧ ਦੇ ਫੈਸਲੇ ਅੱਗੇ ਸਿਰ ਝੁਕਾਏ-ਟਕਸਾਲ ਮੁਖੀ

ਜਲੰਧਰ, 6 ਜਨਵਰੀ (ਮਲਕੀਤ ਸਿੰਘ ਬਰਾੜ)-ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖ ਾ ਲ ਸ ਾ ਭਿੰਡਰਾਂਵਾਲਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਸੰਤ ਸਮਾਜ ਅਤੇ ਹੋਰ ਸਿੱਖ ਸਖਸ਼ੀਅਤਾਂ ਨੂੰ ਨਾਲ ਲੈ ਕੇ ਸਿੱਖ ਪੰਥ ਦੀ ਏਕਤਾ ਵਿੱਚ ਰੁਕਾਵਟ ਬਣ ਰਹੇ ਰਹਿਤ (ਬਾਕੀ ਸਫਾ 2 'ਤੇ)

(ਫੋਟੋ : ਕੁਲਦੀਪ ਸਟੂਡੀਓ)

ਸ਼ਹੀਦ ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦੀ ਸਲਾਨਾ ਬਰਸੀ ਮਨਾਈ

ਅੰਮ੍ਰਿਤਸਰ 6 ਜਨਵਰੀ(ਮੋਤਾ ਸਿੰਘ)- ਧਾਰਮਿਕ ਅਸਥਾਨਾਂ ਦੀ ਬੇਅਦਬੀ ਨਾ ਸਹਾਰਨ ਵਾਲੇ ਮਹਾਨ ਸੂਰਬੀਰ ਅਮਰ ਸ਼ਹੀਦ ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦੀ ਸਾਲਾਨਾ ਯਾਦ ਨੂੰ ਤਾਜ਼ਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਕੰਪਲੈਕਸ ਵਿਚ ਗੁਰਦੁਆਰਾ ਝੰਡਾ ਬੁੰਗਾ ਵਿਖੇ ਪਰਸੋਂ ਤੋਂ ਜਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਅੱਜ ਭੋਗ ਪਾਏ ਗਏ। ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲਾ ਅਤੇ ਗੁਰਧਾਮਾਂ ਦੀ ਬੇਅਦਬੀ ਕਰਵਾਉਣ ਵਾਲੀ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਮਹਾਨ ਸ਼ਹੀਦ ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦੀ ਸਾਲਾਨਾ ਯਾਦ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਭੋਗ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਨੇ ਇਨ੍ਹਾਂ ਮਹਾਨ ਸੂਰਬੀਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਪ ਨੇ ਕਿਹਾ ਕਿ ਸਿੱਖਾਂ ਨੂੰ ਆਪਣੇ ਗੁਰਧਾਮ ਜਾਨ ਤੋਂ ਪਿਆਰੇ ਹਨ ਅਤੇ ਉਹ ਇਨ੍ਹਾਂ ਦਾ ਅਪਮਾਨ ਹਰਗਿਜ਼ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਹਕੂਮਤਾਂ ਨੇ ਸਿੱਖ ਕੌਮ ਨੂੰ ਲਤਾੜਣ ਤੇ ਮੁਕਾਉਣ ਲਈ ਕਈ ਵਾਰ ਕੋਝੇ ਹਮਲੇ ਕੀਤੇ, ਸਾਜ਼ਿਸ਼ਾਂ ਰਚੀਆਂ, ਪਰ ਕੌਮ ਦੇ ਹੀਰਿਆਂ ਨੇ ਸਮੇਂ-ਸਮੇਂ ਕੌਮ ਦੀ ਅਣਖ ਤੇ ਆਬਰੂ ਨੂੰ ਕਾਇਮ (ਬਾਕੀ ਸਫਾ 2 'ਤੇ)

ਸਿੱਖ ਫੈਡਰੇਸ਼ਨ ਯੂ. ਕੇ. ਵੱਲੋਂ ਨਾਨਕਸ਼ਾਹੀ ਕੈਲੰਡਰ 'ਚ ਸੋਧ ਦਾ ਸਵਾਗਤ

ਲੰਡਨ, 6 ਜਨਵਰੀ (ਅ.ਬ.)-ਸਿੱਖ ਫੈਡਰੇਸ਼ਨ ਯੂ ਕੇ ਨੇ ਸ਼੍ਰੋਮਣੀ ਕਮੇਟੀ ਦੇ ਫੈਸਲੇ ਨੂੰ ਦੇਰ ਆਏ ਦਰੁੱਸਤ ਆਏ ਕਹਿੰਦਿਆਂ ਬਾਬਾ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ ਦੇ ਯਤਨਾਂ ਦੀ ਪ੍ਰੋੜ੍ਹਤਾ ਕੀਤੀ ਹੈ। ਫੈਡਰੇਸ਼ਨ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਨੇ ਦੱਸਿਆ ਕਿ ਸਿੱਖ ਫੈਡਰੇਸ਼ਨ ਸ਼ੁਰੂ ਤੋਂ ਹੀ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰਦੀ ਆ ਰਹੀ ਸੀ ਕਿ ਸਦੀਆਂ ਤੋਂ ਚਲੀਆਂ ਆ ਰਹੀਆਂ ਤਾਰੀਕਾਂ ਨੂੰ ਬਦਲਣਾ ਠੀਕ ਨਹੀਂ ਹੈ। ਲੇਕਨ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਸੰਤ ਸਮਾਜ ਦੀ ਇਸ ਦੇਰ ਦੀ ਮੰਗ ਨੂੰ ਮੁੱਖ ਰੱਖਦਿਆਂ ਪਹਿਲੀ ਚੇਤ ਤੋਂ ਕੈਲੰਡਰ ਬਦਲਣ ਦੀ ਗੱਲ ਮੰਨ ਕੇ ਪੁਰਾਣੀਆਂ ਰੀਤਾਂ ਅਤੇ ਪ੍ਰੰਪਰਾਵਾਂ ਨੂੰ ਮੁੜ ਲਾਗੂ ਕਰਕੇ ਅਤਿ ਸ਼ਲਾਘਾਯੋਗ ਕੰਮ ਕੀਤਾ ਹੈ। ਨਵੀਂ ਸੋਧ ਦੇ ਹੱਕ ਵਿਚ ਬੋਲਦਿਆਂ ਸ: ਹਰਜੀਤ ਸਿੰਘ ਸਰਪੰਚ ਮੀਤ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਨੇ ਕਿਹਾ ਕਿ ਜਥੇਦਾਰ ਅਵਤਾਰ ਸਿੰਘ ਨੇ ਦਲੇਰਾਨਾ ਅਤੇ ਲੰਮੀ ਸੋਚ ਤੋਂ ਕੰਮ ਲੈਂਦਿਆਂ ਬਹੁਤ ਦੀ ਚੰਗਾ ਉੱਦਮ ਕੀਤਾ ਗਿਆ ਹੈ। ਇਸੇ ਤਰ੍ਹਾਂ ਸਿੱਖ ਫੈਡਰੇਸ਼ਨ ਦੇ ਹੋਰ ਆਗੂਆਂ ਭਾਈ ਨਰਿੰਦਰਜੀਤ ਸਿੰਘ ਥਾਂਦੀ, ਕੁਲਦੀਪ ਸਿੰਘ ਚਹੇੜੂ, ਚਰਨ ਸਿੰਘ ਟਿਬੀਡੇਲ, ਹਰਦੀਸ਼ ਸਿੰਘ ਵੁਲਵਰਹੈਂਪਟਨ ਤੇ ਦਬਿੰਦਰਜੀਤ ਸਿੰਘ ਸਲੋਹ ਨੇ ਵੀ ਕੈਲੰਡਰ ਵਿਚ ਸੋਧ ਕਰਨ ਨੂੰ ਠੀਕ ਠਹਿਰਾਇਆ ਹੈ।

ਠੰਡੀਆਂ ਹਵਾਵਾਂ ਨੇ ਲੈ ਲਈਆਂ 157 ਜਾਨਾਂ

ਪੰਜਾਬ 'ਚ ਵੀ ਜਨ-ਜੀਵਨ ਪ੍ਰਭਾਵਿਤ

ਚੰਡੀਗੜ੍ਹ/ਨਵੀਂ ਦਿੱਲੀ, 6 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)-ਉਤਰ ਭਾਰਤ ਵਿਚ ਜਾਰੀ ਸ਼ੀਤ ਲਹਿਰ ਵਿਚਾਲੇ ਰਾਜਧਾਨੀ ਦਿੱਲੀ ਵਿਚ ਅੱਜ ਸਵੇਰ ਤੋਂ ਹੀ ਸੰਘਣੀ ਧੁੰਦ ਛਾਈ ਰਹੀ। ਕੋਹਰੇ ਕਾਰਨ ਟ੍ਰੇਨਾਂ ਦੀ ਆਵਾਜਾਈ ਪ੍ਰਭਾਵਿਤ ਹੋਈ ਅਤੇ ਕਈ ਟ੍ਰੇਨਾਂ ਦੇਰੀ ਨਾਲ ਚਲੀਆਂ। ਹਾਲਾਂਕਿ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਉਡਾਨਾਂ ਦੀ ਆਵਾਜਾਈ ਆਮ ਹੈ। ਵਰਣਨਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਕੜਾਕੇ ਦੀ ਠੰਡ ਕਾਰਨ ਜਿਥੇ ਆਮ ਜਨ ਜੀਵਨ ਪ੍ਰਭਾਵਿਤ ਹੋਇਆ ਹੈ ਉਥੇ ਧੁੰਦ ਪੈਣ ਕਾਰਨ ਸੜਕੀ ਆਵਾਜਾਈ ਅਤੇ ਰੇਲ ਆਵਾਜਾਈ 'ਤੇ ਵੀ ਇਸ ਦਾ ਮਾੜਾ ਪ੍ਰਭਾਵ ਪਿਆ ਹੈ। ਦਿੱਲੀ ਵਿਚ ਅੱਜ ਸਵੇਰੇ ਘੱਟੋ ਘੱਟ ਤਾਪਮਾਨ 5.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦੋਂ ਕਿ ਵੱਧ ਤੋਂ ਵੱਧ ਤਾਪਮਾਨ 21 ਡਿਗਰੀ ਸੈਲਸੀਅਸ ਰਿਹਾ। ਉਤਰ ਭਾਰਤ 'ਚ ਠੰਢੀਆਂ ਹਵਾਵਾਂ ਨੇ ਹੁਣ ਤੱਕ 157 ਲੋਕਾਂ ਦੀ ਜਾਨ ਲੈ ਲਈ ਹੈ। ਇਸੇ ਦੌਰਾਨ ਚੰਡੀਗੜ੍ਹ, ਹਰਿਆਣਾ ਅਤੇ ਪੰਜਾਬ ਦੇ ਕਈ ਇਲਾਕਾਂ ਤਾਪਮਾਨ 'ਚ ਵਾਧਾ ਹੋਇਆ। ਭਾਰੀ ਬਰਫ਼ਬਾਰੀ ਦੇ ਚੱਲਦੇ ਦੋ ਦਿਨਾਂ ਤੱਕ ਬੰਦ ਰਹਿਣ ਦੇ ਬਾਅਦ ਦੇਸ਼ ਦਾ ਨਾਲ ਕਸ਼ਮੀਰ ਘਾਟੀ ਨੂੰ ਜੋੜਨ ਵਾਲਾ 300 (ਬਾਕੀ ਸਫਾ 2 'ਤੇ)

(ਫੋਟੋ : ਕੁਲਦੀਪ ਸਟੂਡੀਓ)

ਬਾਦਲ ਸ਼ਰਦ ਪਵਾਰ ਨੂੰ ਮਿਲੇ

ਝੋਨੇ ਦੀ ਪੀ.ਏ.ਯੂ-201 ਕਿਸਮ ਦੇ ਮਾਪਦੰਡਾਂ ਵਿੱਚ ਛੋਟ ਦੀ ਮੰਗ

ਚੰਡੀਗੜ੍ਹ, 6 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)- ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਅੱਜ ਕੇਂਦਰੀ ਖੇਤੀਬਾੜੀ ਮੰਤਰੀ ਸ਼੍ਰੀ ਸ਼ਰਦ ਪਵਾਰ ਨੂੰ ਮਿਲੇ ਅਤੇ ਝੋਨੇ ਦੀ ਪੀ.ਏ.ਯੂ.-201 ਕਿਸਮ ਤੋਂ ਪੈਦਾ ਚਾਵਲਾਂ ਦੀ ਪ੍ਰਾਪਤੀ ਲਈ ਹਦਾਇਤਾਂ ਵਿੱਚ ਤੁਰੰਤ ਰਿਆਇਤਾਂ ਦੇਣ ਲਈ ਜ਼ੋਰ ਪਾਇਆ ਤਾਂ ਜੋ ਪੰਜਾਬ ਵਲੋਂ ਕੇਂਦਰੀ ਅੰਨ-ਭੰਡਾਰ ਵਿੱਚ ਵੱਧ ਤੋਂ ਵੱਧ ਚਾਵਲਾਂ ਦਾ ਯੋਗਦਾਨ ਪਾਇਆ ਜਾ ਸਕੇ। ਝੋਨੇ ਦੀ ਪੀ.ਏ.ਯੂ. 201 ਕਿਸਮ ਵਿੱਚ ਹੋਏ ਵੱਧ ਨੁਕਸਾਨ ਦੇ ਮੁੱਦੇ ਸਬੰਧੀ ਸ. ਬਾਦਲ ਨੇ ਕੇਂਦਰੀ ਖੇਤੀਬਾੜੀ ਮੰਤਰੀ ਨੂੰ ਜਾਣੂੰ ਕਰਵਾਇਆ ਕਿ ਪੰਜਾਬ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆਂ ਨੇ ਰਾਜ ਵਿੱਚ ਸੋਕੇ ਵਰਗੀਆਂ ਸਥਿਤੀਆਂ ਦੇ ਬਾਵਜੂਦ 141 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਜਿਸ ਵਿਚੋਂ ਤਕਰੀਬਨ 30 ਲੱਖ ਮੀਟਰਕ ਟਨ ਪੀ.ਏ.ਯੂ. 201 ਕਿਸਮ ਸੀ ਜੋ ਕਿ ਹਾਲ ਹੀ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਖੇਤੀਬਾੜੀ ਖੋਜ ਦੀ ਭਾਰਤੀ ਕੌਂਸਲ ਦੇ ਹੁਕਮਾਂ ਅਤੇ ਸਹਿਮਤੀ ਨਾਲ ਸੁ▲ਰੂ ਕੀਤੀ ਗਈ। ਝੋਨੇ ਦੀ ਇਹ ਕਿਸਮ ਵੱਧ ਝਾੜ ਵਾਲੀ ਘੱਟ ਪਾਣੀ ਦੀ ਖਪਤ ਵਾਲੀ ਹੈ ਪਰੰਤੂ ਇਸ ਕਿਸਮ ਵਿਚੋਂ ਚਾਵਲਾਂ ਦੀ ਪੈਦਾਵਾਰ 7 (ਬਾਕੀ ਸਫਾ 2 'ਤੇ)

ਵਿਦੇਸ਼ਾਂ ਦੀਆਂ ਸਿੱਖ ਸੰਗਤਾਂ ਵੱਲੋਂ ਅਪੀਲ

ਪ੍ਰੋ. ਦਰਸ਼ਨ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਸ ਦੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਕਰਕੇ ੫ ਦਸੰਬਰ ੨੦੦੯ ਨੂੰ ਤਨਖਾਹੀਆਂ ਕਰਾਰ ਦਿੱਤਾ ਜਾ ਚੁੱਕਾ ਹੈ।

ਇਸ ਵੱਲੋਂ ਕੀਤੀ ਜਾ ਰਹੀ ਗੁਰੂ ਦੀ ਨਿੰਦਾ ਵਿੱਚੋਂ ਕੁਝ ਕੁ ਅੰਸ਼ ਪੇਸ਼ ਹਨ :

੧) ਸ੍ਰੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਭੱਦੀ ਸ਼ਬਦਾਵਲੀ ਦਾ ਇਸਤੇਮਾਲ ਕਰਨਾ।

੨) ਅੰਮ੍ਰਿਤ ਸੰਚਾਰ ਦੀਆਂ ਬਾਣੀਆਂ ਉੱਤੇ ਕਿੰਤੂ ਪ੍ਰੰਤੂ ਕਰਦਿਆਂ ਇਹ ਕਹਿਣਾ ਕਿ , "ਕੀ ਸਬੂਤ ਹੈ ਕਿ ਦਸਮ ਪਾਤਸ਼ਾਹ ਵੇਲੇ ਵੀ ਇਹੋ ਬਾਣੀਆਂ ਪੜ੍ਹੀਆਂ ਗਈਆਂ ਸਨ ?"।

੩) ਆਪਣੇ ਕੀਰਤਨ ਦੌਰਾਨ ਪ੍ਰਚਾਰ ਕਰਨਾ ਕਿ ਸ੍ਰੀ ਦਸਮੇਸ਼ ਦੀਆਂ ਬਾਣੀਆਂ ਗੁਰਮਤਿ ਅਨੁਕੂਲ ਨਹੀਂ ਹਨ।

੪) ਸਿੱਖਾਂ ਦੀ ਰੋਜ਼ਾਨਾ ਅਰਦਾਸ, ਵਾਰ ਸ੍ਰੀ ਭਗਉਤੀ ਜੀ ਕੀ, ਨੂੰ ਦੇਵੀ ਦੀ ਉਸਤਤਿ ਕਹਿ ਕੇ ਪ੍ਰਚਾਰਨਾ।

ਇਨ੍ਹਾਂ ਗੁਰਮਤਿ ਵਿਰੋਧੀ ਕਾਰਵਾਈਆਂ ਕਰਕੇ ਇਸ ਨੂੰ 7 ਜਨਵਰੀ 2010 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਤਨਖਾਹ ਲਗਾਉਣ ਦਾ ਆਦੇਸ਼ ਦਿੱਤਾ ਗਿਆ ਹੈ। ਅਸੀਂ ਅਮਰੀਕਾ, ਕੈਨੇਡਾ, ਇੰਗਲੈਂਡ ਵਿੱਚ ਨਿਮਨ ਲਿਖਤ **87 ਪੰਥਕ ਜਥੇਬੰਦੀਆਂ** ਅਤੇ ਗੁਰਦੁਆਰਾ ਸਾਹਿਬਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕਰਦੇ ਹਾਂ ਕਿ ਦਰਸ਼ਨ ਸਿੰਘ ਵੱਲੋਂ 5 ਦਸੰਬਰ 2009 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਦੀ ਉਲੰਘਣਾ ਕਰਨ ਅਤੇ ਸ੍ਰੀ ਦਸਮ ਗ੍ਰੰਥ ਪ੍ਰਤੀ ਗੁਮਰਾਹਕੁੰਨ ਪ੍ਰਚਾਰ ਕਰਨ ਕਰਕੇ ਇਸ ਦੇ ਵਿਰੁੱਧ ਗੁਰਮਤਿ ਰਵਾਇਤਾਂ ਅਨੁਸਾਰ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਪੰਥ ਦੋਖੀਆਂ ਲਈ ਇਹ ਇੱਕ ਮਿਸਾਲ ਬਣ ਜਾਵੇ।

ਬੇਨਤੀ ਕਰਤਾ ਸੰਸਥਾਵਾਂ :

ਕੈਨੇਡਾ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਲਟਨ (ਮਾਲਟਨ), ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੱਖ ਸੈਂਟਰ (ਬਰੈਂਪਟਨ), ਗੁਰਦੁਆਰਾ ਤਪੋਬਨ ਸਾਹਿਬ (ਬਰੈਂਪਟਨ), ਗੁਰਦੁਆਰਾ ਸਿੱਖ ਸੰਗਤ ਬਰੈਂਪਟਨ (ਬਰੈਂਪਟਨ), ਗੁਰਦੁਆਰਾ ਗੁਰਸਿੱਖ ਸੰਗਤ ਹੈਮਿਲੰਟਨ ਵੈਂਟਵਰਥ (ਹੈਮਿਲਟਨ), ਗੁਰਦੁਆਰਾ ਸਿੰਘ ਸਭਾ, ਵਿਕਟੋਰੀਆ (ਵੈਨਕੂਵਰ), ਗੁਰਦੁਆਰਾ ਜੋਤ ਪ੍ਰਕਾਸ਼ ਸਾਹਿਬ (ਬਰੈਂਪਟਨ), ਗੁਰਦੁਆਰਾ ਦਸਮੇਸ਼ ਦਰਬਾਰ (ਬਰੈਂਪਟਨ), ਗੁਰਦੁਆਰਾ ਸਿੱਖ ਸਿਪਰਿਚੁਅਲ ਸੈਂਟਰ (ਰੈਕਸਡੇਲ), ਗੁਰਦੁਆਰਾ ਸਿੱਖ ਸੈਂਟਰ ਰੀਗਨ ਰੋਡ (ਬਰੈਂਪਟਨ), ਗੁਰਮਤਿ ਵਿੱਦਿਆ ਕੇਂਦਰ (ਬਰੈਂਪਟਨ), ਗੁਰੂ ਨਾਨਕ ਅਕੈਡਮੀ (ਵੈਨਕੂਵਰ), ਦਮਦਮੀ ਟਕਸਾਲ ਟੋਰਾਂਟੋ (ਕੈਨੇਡਾ), ਅਖੰਡ ਕੀਰਤਨੀ ਜੱਥਾ ਟੋਰਾਂਟੋ (ਤਪੋਬਨ), ਕੌਰਜ਼ ਯੂਨਾਇਟਡ (ਕੈਨੇਡਾ), ਬਾਬਾ ਦੀਪ ਸਿੰਘ ਗਤਕਾ ਅਖਾੜਾ (ਕੈਨੇਡਾ), ਸੱਚਾ ਸੌਦਾ ਪ੍ਰਚਾਰ ਸੋਸਾਇਟੀ (ਕੈਨੇਡਾ), ਕੈਨਡੀਅਨ ਆਰਗਨਾਈਜੇਸ਼ਨ ਆਫ਼ ਸਿੱਖ ਸਟੂਡੈਂਟ (ਕੈਨੇਡਾ), ਸ਼੍ਰੋਮਣੀ ਅਕਾਲੀ ਦਲ (ਅ) (ਐਡਮਿੰਟਨ), ਸ਼ਹੀਦ ਭਾਈ ਤਾਰੂ ਸਿੰਘ ਸੇਵਾ ਸੁਸਾਇਟੀ (ਐਡਮਿੰਟਨ), ਅਖੰਡ ਕੀਰਤਨੀ ਜਥਾ (ਐਡਮਿੰਟਨ), ਸ਼ਹੀਦ ਭਾਈ ਫੌਜਾ ਸਿੰਘ ਗਤਕਾ ਅਖਾੜਾ (ਐਡਮਿੰਟਨ), ਸਿੱਖ ਸਟੂਡੈਂਟਸ ਸੋਸਾਇਟੀ (ਐਡਮਿੰਟਨ), ਸ਼ਹਿਬਾਜ਼ ਖਾਲਸਾ (ਕੈਨੇਡਾ), ਸ਼੍ਰੋਮਣੀ ਅਕਾਲੀ ਦਲ (ਅ.) (ਕੈਲਗਰੀ), ਸੇਵਾ ਚੈਰੀਟੇਬਲ ਮਿਸ਼ਨਰੀ ਸੁਸਾਇਟੀ (ਕੈਨੇਡਾ), ਬੀ. ਸੀ. ਸਿੱਖ ਯੂਥ ਕੈਂਪ (ਵੈਨਕੂਵਰ), ਸ਼ਾਨ-ਏ-ਖਾਲਸਾ ਸਿੱਖ ਸਟੂਡੈਂਟਸ ਸੋਸਾਇਟੀ (ਵੈਨਕੂਵਰ)

ਅਮਰੀਕਾ

ਪੈਸੇਫਿਕ ਕੋਸਟ ਖਾਲਸਾ ਦੀਵਾਨ ਸੋਸਾਇਟੀ, ਗੁਰਦੁਆਰਾ ਸਾਹਿਬ ਸਟਾਕਟਨ (ਕੈਲੇਫੋਰਨੀਆਂ), ਗੁਰਦੁਆਰਾ ਸਾਹਿਬ ਫ਼ਰੀਮੋਂਟ (ਕੈਲੇਫੋਰਨੀਆ), ਗੁਰਦੁਆਰਾ ਸਿੱਖ ਸੈਂਟਰ, ਐਲਸਬਰਾਂਟੇ (ਕੈਲੇਫੋਰਨੀਆ), ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਟਰੇਸੀ (ਕੈਲੇਫੋਰਨੀਆਂ), ਗੁਰਦੁਆਰਾ ਗੁਰਮਤਿ ਪ੍ਰਕਾਸ਼, ਮੈਨਟੀਕਾ (ਕੈਲੇਫੋਰਨੀਆਂ), ਗੁਰਦੁਆਰਾ ਨਾਨਕ ਪ੍ਰਕਾਸ਼, ਫ਼ਰੇਜ਼ਨੋ (ਕੈਲੇਫੋਰਨੀਆਂ), ਗੁਰਦੁਆਰਾ ਸਾਹਿਬ ਬਰੈਡਸ਼ਾਅ, ਸੈਕਰਾਮੈਂਟੋ ਸਿੱਖ ਸੋਸਾਇਟੀ (ਕੈਲੇਫੋਰਨੀਆਂ), ਗੁਰਦੁਆਰਾ ਕੈਪੀਟਲ ਸਿੱਖ ਸੈਂਟਰ, ਐਨਟੀਲੋਪ (ਕੈਲੇਫੋਰਨੀਆਂ), ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ, ਰੀਨੋ (ਨਿਵੈਡਾ), ਗੁਰਦੁਆਰਾ ਸਾਹਿਬ ਸਿੰਘ ਸਭਾ ਕਾਰਟਰੈਟ, (ਨਿਊ ਜਰਸੀ), ਗੁਰਦੁਆਰਾ ਸਿੰਘ ਸੈਂਟਰ ਆਰਫ਼ ਨਿਊਯਰਕ, ਫਲਸ਼ਿੰਗ (ਨਿਊਯਾਰਕ), ਗੁਰਦੁਆਰਾ ਖਾਲਸਾ ਸਕੂਲ, ਕੁਈਨਜ਼ ਵਿਲਿਜ਼ (ਨਿਊਯਾਰਕ), ਦਮਦਮੀ ਟਕਸਾਲ (ਅਮਰੀਕਾ), ਅਖੰਡ ਕੀਰਤਨੀ ਜਥਾ ਕੈਲਿਫੋਰਨੀਆਂ (ਅਮਰੀਕਾ), ਖਾਲਸਾ ਅਲਾਇੰਸ (ਅਮਰੀਕਾ), ਪੰਥਕ ਨੈਟਵਰਕ (ਅਮਰੀਕਾ), ਸਿੱਖ ਸੰਗਤ ਨੈਟਵਰਕ (ਅਮਰੀਕਾ), ਅਦਾਰਾ ਸੰਤ ਸਿਪਾਹੀ (ਅਮਰੀਕਾ)

ਇੰਗਲੈਂਡ

ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ (ਵੁਲਵਰਹੈਂਪਟਨ), ਗੁਰੂ ਨਾਨਕ ਗੁਰਦੁਆਰਾ (ਵਿਲਨਹਾਲ), ਸਿੱਖ ਫੈਡਰੇਸ਼ਨ ਯੂ. ਕੇ. (ਇੰਗਲੈਂਡ), ਨੈਸ਼ਨਲ ਕਾਊਂਸਲ ਆਫ਼ ਗੁਰਦੁਆਰਾਜ਼ (ਇੰਗਲੈਂਡ), ਯੰਗ ਸਿੱਖਸ ਯੂ. ਕੇ., ਸਿੱਖ ਸੈਕਟਰੀਏਟ, ਯੂ. ਕੇ., ਸਿੱਖ ਵੂਮੈਨਜ਼ ਫੈਡਰੇਸ਼ਨ, ਰਿਸਪੈਕਟ ਫਾਰ ਗੁਰੂ ਗ੍ਰੰਥ ਸਾਹਿਬ ਜੀ ਸੰਸਥਾ, ਬ੍ਰਿਟਿਸ਼ ਆਰਗੇਨਾਈਜੇਸ਼ਨ ਆਫ਼ ਸਿੱਖ ਸਟੂਡੈਂਟਸ, ਕੌਰੇਜੀਅਸ, ਯੂ. ਕੇ., ਨੈਸ਼ਨਲ ਸਿੱਖ ਰੀਸੋਰਸ ਸੈਂਟਰ, ਯੂ. ਕੇ., ਖ਼ਾਲਸਾ ਹਿਊਮਨ ਰਾਈਟਸ, ਯੂ. ਕੇ., ਖਾਲਸਾ ਐਡ, ਯੂ. ਕੇ., ਆਵਾਜ਼ੇ ਕੌਮ ਇੰਟਰਨੈਸ਼ਨਲ, ਅਕਾਸ਼ ਰੇਡੀਓ, ਯੂ.ਕੇ., ਗੁਰੂ ਨਾਨਕ ਗੁਰਦੁਆਰਾ (ਸਮੈਥਵਿਕ), ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਸਾਊਥਾਲ), ਗੁਰੂ ਤੇਗ ਬਹਾਦਰ ਗੁਰਦੁਆਰਾ (ਲਾਈਸੈਸਟਰ), ਗੁਰਦੁਆਰਾ ਗੁਰੂ ਨਾਨਕ ਦਰਬਾਰ (ਗਰੇਵਸੈਂਡ), ਗੁਰਦੁਆਰਾ ਗੁਰੂ ਹਰਗੋਬਿੰਦ ਸਾਹਿਬ ਜੀ (ਟੀਵੀਡੇਲ), ਗੁਰਦੁਆਰਾ ਨਾਨਕਸਰ (ਵਾਲਸੌਲ),ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਨੀਊਕੈਸਲ-ਅਪੌਨ-ਟਾਈਨ), ਗੁਰਦੁਆਰਾ ਗੁਰੂ ਨਾਨਕ (ਬੈਡਫਰਡ), ਸ੍ਰੀ ਗੁਰੂ ਹਰਕ੍ਰਿਸ਼ਨ ਗੁਰਦੁਆਰਾ (ਓਡਬੀ), ਗੁਰਦੁਆਰਾ ਗੁਰੂ ਨਾਨਕ ਦੇਵ ਜੀ (ਬਰੈਡ਼ਫਰਡ), ਗੁਰਦੁਆਰਾ ਦਸਮੇਸ਼ ਦਰਬਾਰ (ਈਸਟ ਹੇਮ), ਗੁਰਦੁਆਰਾ ਸਿੱਖ ਟੈਂਪਲ, ਚੇਪਲਟਾਊਨ (ਲੀਡਜ਼), ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ (ਟੈਲਫਰਡ), ਗੁਰਦੁਆਰਾ ਗੁਰੂ ਨਾਨਕ (ਵੈਡਨਸਫੀਲਡ), ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਬਰਿਸਟਲ), ਗੁਰੂ ਨਾਨਕ ਗੁਰਦੁਆਰਾ ਸਿੱਖ ਫੌਰਮ (ਗਰੇਵਸੈਂਡ), ਸਿੱਖ ਰੀਸੋਰਸ ਸੈਂਟਰ (ਬਰਿਸਟਲ), ਸਿੱਖ ਰੀਸੋਰਸ ਸੈਂਟਰ (ਲਾਈਸੈਸਟਰ), ਫੈਡਰੇਸ਼ਨ ਆਫ਼ ਸਿੱਖ ਆਰਗਨਾਈਜ਼ੇਸ਼ਨਜ਼ (ਲਾਈਸੈਸਟਰ), ਖਾਲਸਾ ਸਤਸੰਗ ਜਥਾ (ਸਾਊਥਹੈਂਪਟਨ), ਅਕਾਲ ਸੇਵਾ ਯੂ. ਕੇ., ਵਾਲਸੌਲ ਸਿੱਖ ਫੌਰਮ, ਫਾਈਵਕੇ ਫਾਊਂਡੇਸ਼ਨ, ਸ਼੍ਰੋਮਣੀ ਪੰਥਕ ਅਕਾਲੀ ਦਲ ਖਾਲਸਾ ਨਿਹੰਗ ਸਿੰਘਾਂ ਯੂ. ਕੇ., ਮਾਤਾ ਸਾਹਿਬ ਕੌਰ ਸਿੱਖ ਅਕੈਡਮੀ, ਬਾਬਾ ਅਜੀਤ ਸਿੰਘ ਗਤਕਾ ਅਖਾੜਾ

ਜਾਰੀ ਕਰਤਾ : ਭਾ : ਅਮਰੀਕ ਸਿੰਘ ਯੂ. ਕੇ. (44-7860633488),ਸੁਖਬੀਰ ਸਿੰਘ, ਕੈਨੇਡਾ (647-231-1424) ਨਵਜੋਤ ਸਿੰਘ, ਅਮਰੀਕਾ (510-828-1915), ਤਰਨਜੀਤ ਸਿੰਘ, ਐਡਮਿੰਟਨ, ਕੈਨੇਡਾ, ਹਰਦੀਪ ਸਿੰਘ ਕੈਨੇਡਾ

ਗਿਆਨੀ ਪ੍ਰੀਤਮ ਸਿੰਘ ਵੱਲੋਂ ਕੈਲੰਡਰ ਸੋਧ ਦੀ ਵਧਾਈ

ਲੰਡਨ, 6 ਜਨਵਰੀ (ਅ.ਬ.)-ਯੂ. ਕੇ. ਵਾਸੀ ਅਤੇ ਉੱਘੇ ਪੰਥਕ ਵਿਦਵਾਨ ਗਿਆਨੀ ਪ੍ਰੀਤਮ ਸਿੰਘ ਵਿਦਿਆਰਥੀ ਦਮਦਮੀ ਟਕਸਾਲ ਨੇ ਇੱਥੇ ਜਾਰੀ ਇੱਕ ਬਿਆਨ ਵਿੱਚ ਨਾਨਕਸ਼ਾਹੀ ਕੈਲੰਡਰ ਵਿੱਚ ਸੋਧ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਅਵਤਾਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਖਾਲਸਾ ਨੂੰ ਵਧਾਈ ਭੇਜੀ ਹੈ। ਉਨ੍ਹਾਂ ਕਿ ਇੰਗਲੈਂਡ ਵਿੱਚ ਟਕਸਾਲ ਦੇ ਸਾਰੇ ਸਹਿਯੋਗੀ ਤੇ ਵਿਦਿਆਰਥੀ ਇਸ ਗੱਲ ਦੀ ਪੂਰੀ ਹਮਾਇਤ ਕਰਦੇ ਹਨ ਅਤੇ ਆਸ ਰੱਖਦੇ ਹਨ ਕਿ ਇਸ ਨਾਲ ਸਾਰੀਆਂ ਪੰਥਕ ਧਿਰਾਂ ਵਿੱਚ ਏਕਤਾ ਮਜ਼ਬੂਤ ਹੋਵੇਗੀ।

ਰਕਾਬ ਗੰਜ ਗੁਰਦੁਆਰਾ ਸਾਹਿਬ 'ਚ ਸਰਨਾ ਦੇ ਮਤਿਆਂ ਖਿਲਾਫ ਸ਼ੋਰ-ਸ਼ਰਾਬਾ

ਨਵੀਂ ਦਿੱਲੀ, 6 ਜਨਵਰੀ (ਅ.ਬ.)-ਸ਼੍ਰੋਮਣੀ ਅਕਾਲੀ ਦਲ ਬਾਦਲ ਦਿੱਲੀ ਪ੍ਰਦੇਸ਼ ਦੀ ਹਾਈ ਪਾਵਰ ਕਮੇਟੀ ਜਥੇਦਾਰ ਮਨਜੀਤ ਸਿੰਘ ਜੀ ਕੇ ਪ੍ਰਧਾਨ ਦਿੱਲੀ ਸਟੇਟ, ਜਥੇਦਾਰ ਅਵਤਾਰ ਸਿੰਘ ਹਿੱਤ ਕੌਮੀ ਜਨਰਲ ਸਕੱਤਰ, ਜਥੇਦਾਰ ਉਂਕਾਰ ਸਿੰਘ ਥਾਪਲ ਕੌਮੀ ਮੀਤ ਪ੍ਰਧਾਨ ਨੇ ਦਲ ਦੇ ਦਫਤਰ ਗੁਰਦੁਆਰਾ ਰਕਾਬ ਗੰਜ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਬੀਤੀ ਰਾਤ ਜਦੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਵੱਡੀ ਗਿਣਤੀ ਵਿੱਚ ਗੁਰੂ ਦੀ ਹਜ਼ੂਰੀ ਵਿੱਚ ਬੈਠੀ ਸੰਗਤ ਗੁਰਬਾਣੀ ਕੀਰਤਨ ਦਾ ਆਨੰਦ ਮਾਣ ਰਹੀ ਸੀ, ਉਥੇ ਸਟੇਜ 'ਤੇ ਖੜ੍ਹੇ ਹੋ ਕੇ ਤਰਸੇਮ ਸਿੰਘ ਨੇ ਜਦੋਂ ਇਹ ਕਿਹਾ ਕਿ ਸਰਨਾ ਸਾਹਿਬ ਨੇ ਅੱਜ ਕੁਝ ਮਤੇ ਪਾਸ ਕੀਤੇ ਹਨ ਜਿਹੜੇ ਅਸੀਂ ਸੰਗਤ ਨੂੰ ਸੁਣਾਉਣ ਜਾ ਰਹੇ ਹਾਂ। ਉਸ ਨੇ ਸਭ ਤੋਂ ਪਹਿਲਾਂ ਜਿਹੜਾ ਮਤਾ ਰੱਖਿਆ ਉਸ ਵਿੱਚ ਉਸ ਨੇ ਸ੍ਰੀ ਅਕਾਲ ਤਖਤ ਸਾਹਿਬ ਜੋ ਕਿ ਸੰਸਾਰ ਭਰ ਵਿੱਚ ਵੱਸਦੇ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਿਲਾਫ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ। ਉਸ ਨੇ ਕਿਹਾ ਕਿ ਸਰਨਿਆਂ ਨੇ ਐਲਾਨ ਕੀਤਾ ਹੈ ਕਿ ਅਸੀਂ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਨਾਨਕਸ਼ਾਹੀ ਕੈਲੰਡਰ ਨੂੰ ਨਹੀਂ ਮੰਨਦੇ। ਉਸ ਦੇ ਇਤਨਾ ਕਹਿਣ ਦੀ ਦੇਰ ਸੀ ਕਿ ਸੰਗਤਾਂ ਖੜ੍ਹੀਆਂ ਹੋ ਗਈਆਂ ਅਤੇ ਤਰਸੇਮ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਖਿਲਾਫ ਬੋਲਣ ਤੋਂ ਰੋਕਿਆ। ਉਥੇ ਮੌਜੂਦ ਮਨਜੀਤ ਸਿੰਘ ਜੀ.ਕੇ., ਅਵਤਾਰ ਸਿੰਘ ਹਿਤ, ਕੁਲਦੀਪ ਸਿੰਘ ਭੋਗਲ, ਜਤਿੰਦਰ ਸਿੰਘ ਸ਼ੰਟੀ, ਰਾਜਾ ਹਰਪ੍ਰੀਤ ਸਿੰਘ, ਚਮਨ ਸਿੰਘ, ਪਰਮਜੀਤ ਸਿੰਘ ਰਾਣਾ ਅਤੇ ਹੋਰ ਲੋਕਾਂ ਨੇ ਜਦੋਂ ਮਾਹੌਲ ਸ਼ਾਂਤ ਕਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਉਥੇ ਪਹਿਲਾਂ ਤੋਂ ਮੌਜੂਦ ਸਰਨਿਆਂ ਦੇ ਹਮਾਇਤੀ ਜਿਹੜੇ ਹੱਥਾਂ ਵਿੱਚ ਨੰਗੀਆਂ ਕਿਰਪਾਨਾਂ ਲਈ ਖੜ੍ਹੇ ਸਨ,. ਉਨ੍ਹਾਂ ਨੇ ਹਮਲਾ ਬੋਲ ਦਿੱਤਾ ਅਤੇ ਇਨ੍ਹਾਂ ਆਗੂਆਂ (ਬਾਕੀ ਸਫਾ 2 'ਤੇ)

ਅਮਰ ਸਿੰਘ ਵੱਲੋਂ ਸਪਾ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ

ਨਵੀਂ ਦਿੱਲੀ, 6 ਜਨਵਰੀ (ਵਿਸ਼ਵ ਵਾਰਤਾ)-ਸਮਾਜਵਾਦੀ ਪਾਰਟੀ ਦੇ ਜਨਰਲ ਸਕੱਤਰ ਅਮਰ ਸਿੰਘ ਨੇ ਅੱਜ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ। ਜਾਣਕਾਰੀ ਅਨੁਸਾਰ ਅਮਰ ਸਿੰਘ ਨੇ ਜਨਰਲ ਸਕੱਤਰ ਦੇ ਅਹੁਦੇ ਤੋਂ ਇਲਾਵਾ ਸੰਸਦੀ ਬੋਰਡ ਤੋਂ ਵੀ ਅਸਤੀਫਾ ਦੇ ਦਿੱਤਾ ਹੈ। ਹਾਲਾਂਕਿ ਉਨ੍ਹਾਂ ਨੇ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਹਾਲੇ ਤੱਕ ਅਸਤੀਫਾ ਨਹੀਂ ਦਿੱਤਾ ਹੈ। ਸਿਹਤ ਕਾਰਨਾਂ ਦਾ ਹਵਾਲਾ ਦਿੰਦਿਆਂ ਅਮਰ ਸਿੰਘ ਨੇ ਦੁਬਈ ਤੋਂ ਆਪਣਾ ਅਸਤੀਫਾ ਪਾਰਟੀ ਪ੍ਰਧਾਨ ਮੁਲਾਇਮ ਸਿੰਘ ਯਾਦਵ ਨੂੰ ਭੇਜਿਆ ਹੈ। ਇਸ ਦੌਰਾਨ ਮੰਨਿਆ ਜਾ ਰਿਹਾ ਹੈ ਕਿ ਪਿਛਲੇ (ਬਾਕੀ ਸਫਾ 2 'ਤੇ)

ਜ਼ਰੂਰੀ ਸੂਚਨਾ

ਅਦਾਰਾ 'ਅੱਜ ਦੀ ਆਵਾਜ਼' ਵੱਲੋਂ ਜਾਰੀ ਕੀਤੇ ਗਏ ਸਾਰੇ ਅਥਾਰਟੀ ਪੱਤਰ ਅਤੇ ਸ਼ਨਾਖਤੀ ਕਾਰਡ ਰੱਦ ਕਰ ਦਿੱਤੇ ਗਏ ਹਨ। ਇਨ੍ਹਾਂ ਦੀ ਮਿਆਦ ਸਿਰਫ਼ 31-12-2009 ਤੱਕ ਹੀ ਸੀ। ਸਾਰੇ ਪੱਤਰਕਾਰਾਂ ਅਤੇ ਸਬੰਧਿਤ ਹੋਰ ਸੱਜਣਾਂ ਨੂੰ ਅਪੀਲ ਹੈ ਕਿ ਉਹ ਅਥਾਰਟੀ ਪੱਤਰ ਅਤੇ ਸ਼ਨਾਖਤੀ ਕਾਰਡ ਨਵਿਆਉਣ ਲਈ ਤੁਰੰਤ ਦਫ਼ਤਰ ਨਾਲ ਸੰਪਰਕ ਕਰਨ। ਨਵੇਂ ਅਥਾਰਟੀ ਪੱਤਰਾਂ ਤੋਂ ਬਿਨਾਂ ਕਿਸੇ ਵੀ ਪੱਤਰਕਾਰ ਦੀਆਂ ਖ਼ਬਰਾਂ ਨੂੰ ਅਖ਼ਬਾਰ ਵਿੱਚ ਜਗ੍ਹਾ ਨਹੀਂ ਮਿਲੇਗੀ। -ਸੰਪਾਦਕ

ਬਰਨਾਲਾ ਤੋਂ ਪੱਤਰਕਾਰ ਦੀ ਲੋੜ

ਬਰਨਾਲਾ ਤੋਂ 'ਅੱਜ ਦੀ ਆਵਾਜ਼' ਨੂੰ ਯੋਗ ਪੱਤਰਕਾਰ ਦੀ ਜ਼ਰੂਰਤ ਹੈ। ਬਰਨਾਲਾ ਸਟੇਸ਼ਨ ਕੁਝ ਸਮੇਂ ਖਾਲੀ ਪਿਆ ਹੈ। ਯੋਗ ਉਮੀਦਵਾਰ ਕਿਸੇ ਵੀ ਕੰਮ ਵਾਲੇ ਦਿਨ ਦਫ਼ਤਰੀ ਸਮੇਂ ਦੌਰਾਨ ਮੋਬਾਇਲ ਨੰ. 93170-06161 'ਤੇ ਸੰਪਰਕ ਕਰਨ। -ਮੈਨੇਜਰ

ਗਾਬਾ ਭਰਾਵਾਂ ਨੂੰ ਸਦਮਾ

ਸਵ. ਅਨੂਪ ਸਿੰਘ ਗਾਬਾ ਨਮਿੱਤ ਅੰਤਿਮ ਅਰਦਾਸ 9 ਨੂੰ

ਜਲੰਧਰ, 6 ਜਨਵਰੀ (ਸਰਬਜੀਤ ਵਾਲਿਆ) ਸਥਾਨਿਕ ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਨਗਰ ਦੇ ਮੁੱਖੀ ਜੱਥੇਦਾਰ ਜਗਜੀਤ ਸਿੰਘ ਗਾਬਾ, ਦਲਜੀਤ ਸਿੰਘ ਗਾਬਾ ਅਤੇ ਸੁਰਜੀਤ ਸਿੰਘ ਗਾਬਾ ਨੇ ਉਸ ਸਮੇਂ ਸਦਮਾ ਪੁੱਜਾ ਜਦੋਂ ਸਵੇਰੇ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਅਨੂਪ ਸਿੰਘ ਗਾਬਾ ਸਦੀਵੀਂ ਵਿਛੋੜਾ ਦੇ ਗਏ, ਜਦੋਂ ਕਿ ਪਿਛਲੇ ਕਾਫੀ ਸਮੇਂ ਤੋਂ ਬੀਮਾਰ ਚੱਲੇ ਆ ਰਹੇ ਹਨ। ਸ. ਅਨੂਪ ਸਿੰਘ ਗਾਬਾ ਦਾ ਅੰਤਿਮ ਸੰਸਕਾਰ ਮੰਗਲਵਾਰ ਸ਼ਾਮ 4 ਵਜੇ ਮਾਡਲ ਟਾਊਨ ਦੇ ਸ਼ਮਸ਼ਾਨਘਾਟ ਵਿਖੇ ਹੋਇਆ। ਇਸ ਮੌਕੇ ਵੱਖ-ਵੱਖ ਧਾਰਮਿਕ ਜੱਥੇਬੰਦੀਆਂ, ਗੁਰਦੁਆਰਾ ਕਮੇਟੀਆਂ, ਸਿਆਸੀ ਪਾਰਟੀਆਂ ਅਤੇ ਸੇਵਾ ਸੁਸਾਇਟੀਆਂ ਦੇ ਆਗੂਾਂ ਨੇ ਉਨ੍ਹਾਂ ਦੀ ਮ੍ਰਿਤਕ ਦੇਹ ਉਪਰ ਦੁਸ਼ਾਲੇ ਵੀ ਭੇਟ ਕੀਤੇ। ਸ. ਅਨੂਪ ਸਿੰਘ ਗਾਬਾ ਨੂੰ ਵਿਦਾਇਗੀ ਦੇਣ ਵਾਲਿਆਂ ਵਿੱਚ ਵਿਧਾਇਕ ਸਰਬਜੀਤ ਸਿੰਘ ਮੱਕੜ, ਚੇਅਰਮੈਨ ਬਲਜੀਤ ਸਿੰਘ ਨੀਲਾ ਮਹਿਲ, ਪ੍ਰੀਤਮ ਸਿੰਘ ਸਪਰਾ, ਪਰਮਿੰਦਰਪਾਲ ਸਿੰਘ ਖਾਲਸਾ, ਆਤਮ ਪ੍ਰਕਾਸ਼ ਸਿੰਘ ਬੱਬਲੂ, ਸੁਰਿੰਦਰਪਾਲ ਸਿੰਘ ਗਵਾਲੀਅਰ, ਜਸਵਿੰਦਰ ਸਿੰਘ ਮੱਕੜ, ਮਨਦੀਪ ਸਿੰਘ ਮਿੱਠੂ, ਕਮਲਜੀਤ ਸਿੰਘ ਗਾਂਧੀ ਕੌਂਸਲਰ ਤੇ ਮਨਜੀਤ ਸਿੰਘ ਠੁਕਰਾਲ ਆਦਿ ਵੀ ਪ੍ਰਮੁੱਖ ਸਨ। ਸ. ਅਨੂਪ ਸਿੰਘ ਗਾਬਾ ਦੀ ਮ੍ਰਿਤਕ ਦੇਹ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਜੱਥੇਦਾਰ ਜਗਜੀਤ ਸਿੰਘ ਗਾਬਾ ਨੇ ਦਿਖਾਈ। ਅੰਗੀਠਾ ਸੰਭਾਲਣ ਦੀ ਰਸਮ ਬੁੱਧਵਾਰ ਨੂੰ ਸ. ਅਨੂਪ ਸਿੰਘ ਗਾਬਾ ਦਾ ਅੰਗੀਠਾ ਸੰਭਾਲਣ ਦੀ ਰਸਮ 6 ਜਨਵਰੀ ਨੂੰ ਸਵੇਰੇ 8.30 ਵਜੇ ਮਾਡਲ ਟਾਊਨ ਸ਼ਮਸ਼ਾਨਘਾਟ ਵਿਖੇ ਸੰਪੂਰਨ ਹੋਈ। ਸ. ਅਨੂਪ ਸਿੰਘ ਗਾਬਾ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਸ਼ਨੀਵਾਰ 9 ਜਨਵਰੀ ਨੂੰ ਦੁਪਹਿਰ ਬਾਅਦ ਪਵੇਗਾ।